## ਸਥਾਈ ਨਿਵਾਸ ਦੇ ਚਾਹਵਾਨ ਪ੍ਰਵਾਸੀਆਂ ਤੇ ਸ਼ਰਨਾਰਥੀਆਂ (ਰੈਫਿਊਜੀਆਂ) ਲਈ ਇਕੱਤਰਤਾ

6 ਸਤੰਬਰ, ਦਿਨ: ਮੰਗਲਵਾਰ ਸ਼ਾਮ 6 ਵਜੇ

7110 **Av. de l'Épée ( Parc metro)**

ਕੀ ਤੁਸੀਂ ਪ੍ਰਵਾਸੀ ਜਾਂ ਸ਼ਰਨਾਰਥੀ ਹੋ? ਕੀ ਤੁਹਾਡੀ ਜਾਂ ਤੁਹਾਡੇ ਭਾਈਚਾਰੇ ਵਿੱਚ ਕਿਸੇ ਦੀ ਇੰਮੀਗ੍ਰੇਸ਼ਨ ਦੀ ਸਥਿਤੀ ਨਾਜ਼ੁਕ ਹੈ? ਕੀ ਤੁਹਾਡੇ ਕੋਲ ਦਸਤਾਵੇਜ਼ ਨਹੀਂ ਹਨ?

ਫੈਡਰਲ ਸਰਕਾਰ ਬਗੈਰ ਦਸਤਾਵੇਜ਼ਾਂ ਦੇ ਰਹਿ ਰਹੇ ਲੋਕਾਂ ਨੂੰ ਪੱਕੇ ਕਰਨ ਲਈ ਇੱਕ ਪ੍ਰੋਗਰਾਮ ਦੀ ਯੋਜਨਾ ਬਣਾ ਰਹੀ ਹੈ। ਭਾਵ ਕਿ ਬਿਨਾਂ ਵੈਧ ਪਰਮਿਟ ਵਾਲੇ ਪ੍ਰਵਾਸੀਆਂ ਨੂੰ ਪੱਕੇ ਕਰਨ ਦਾ ਪ੍ਰੋਗਰਾਮ। ਇਹ, ਪ੍ਰਵਾਸੀਆਂ ਵੱਲੋਂ ਇੱਕਜੁੱਟ ਹੋਕੇ ਸਾਰਿਆਂ ਲਈ ਸਟੈਟਸ ਦੀ ਮੰਗ ਨੂੰ ਲੈਕੇ ਵਿੱਢੇ ਸੰਘਰਸ਼ ਕਾਰਨ ਹੋ ਰਿਹਾ ਹੈ।

ਸਾਨੂੰ ਦਬਾਅ ਬਣਾਉਣ ਲਈ ਕੰਮ ਕਰਨਾ ਚਾਹੀਦਾ ਹੈ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਾਰੇ 500000 ਬਗੈਰ ਦਸਤਾਵੇਜ਼ ਲੋਕਾਂ ਨੂੰ ਇਸ ਪ੍ਰੋਗਰਾਮ ਦੇ ਰਾਹੀਂ ਸਥਾਈ ਰਿਹਾਇਸ਼ ਮਿਲੇ ਅਤੇ ਕੋਈ ਵੀ ਇਸ ਤੋਂ ਵਾਂਝਾ ਨਾ ਰਹੇ।

ਸਾਡਾ ਮੰਨਣਾ ਹੈ ਕਿ ਹਰੇਕ ਵਿਅਕਤੀ ਦਾ ਮਾਣ ਤੇ ਕੀਮਤ ਬਰਾਬਰ ਹੈ; ਹਰੇਕ ਵਿਅਕਤੀ ਬਿਨਾਂ ਕਿਸੇ ਭੇਦਭਾਵ ਦੇ, ਇਸ ਵਿੱਚ ਸ਼ਾਮਿਲ ਕੀਤੇ ਜਾਣ ਦਾ ਹੱਕਦਾਰ ਹੈ ਅਤੇ ਸਾਨੂੰ ਇਸ ਮੰਤਵ ਲਈ ਰਲ ਕੇ ਕੰਮ ਕਰਨ ਦੀ ਲੋੜ ਹੈ।

ਜੇ ਤੁਸੀਂ ਸਹਿਮਤ ਹੋ, 6 ਸਤੰਬਰ, ਦਿਨ: ਮੰਗਲਵਾਰ ਸ਼ਾਮ 6 ਵਜੇ , ਬਾਹਰ ਆਓ :

- ਆਪਣੇ ਸਵਾਲ ਪੁੱਛਣ ਲਈ ਅਤੇ ਇਹ ਜਾਨਣ ਲਈ ਕਿ ਕੀ ਕੁੱਝ ਚੱਲ ਰਿਹਾ ਹੈ ।
- ਜਾਨਣ ਲਈ ਕਿ ਸਾਰਿਆਂ ਨੂੰ ਇਸ ਵਿੱਚ ਲਿਆਉਣ ਲਈ ਕੀ ਕਰ ਰਹੇ ਹਾਂ ਤੇ ਤੁਸੀਂ ਕਿਵੇਂ ਸ਼ਾਮਿਲ ਹੋ ਸਕਦੇ ਹੋ।
- ਕਾਰਵਾਈ ਸੰਬੰਧੀ ਆਪਣੇ ਵਿਚਾਰ ਰੱਖੋ।
- ਲਾਮਬੰਦੀ ਲਈ ਲੋੜੀਂਦੀ ਜਾਣਕਾਰੀ ਤੇ ਸਮੱਗਰੀ ਪ੍ਰਾਪਤ ਕਰੋ।

ਸਥਾਨ ਤੇ ਚਾਇਲਡ ਕੇਅਰ ਦਾ ਪ੍ਰਬੰਧ ਹੈ।

ਹਲਕਾ ਤੇ ਸ਼ਾਕਾਹਾਰੀ ਭੋਜਨ ਵੀ ਵਰਤਾਇਆ ਜਾਵੇਗਾ।